**Media Release**

ਤੁਰੰਤ ਰਿਲੀਜ ਲਈ

# ਸਿਟੀ ਨੇ ਆਪਣੇ ਪਹਿਲੇ ਐਕਸਪਲੋਰ ਬ੍ਰੈਂਪਟਨ ਯੂਥ ਪਾਸ ਦੀ ਸ਼ੁਰੂਆਤ ਕੀਤੀ

*ਨਵਾਂ ਪਾਸ, ਬ੍ਰੈਂਪਟਨ ਦੇ ਨੌਜਵਾਨਾਂ ਲਈ ਬ੍ਰੈਂਪਟਨ ਟ੍ਰਾਂਜ਼ਿਟ ਤੇ ਮੁਫਤ ਕਿਰਾਏ ਅਤੇ ਬ੍ਰੈਂਪਟਨ ਰੇਕ੍ਰੀਏਸ਼ਨ ਦੇ ਚੋਣਵੇਂ ਪ੍ਰੋਗਰਾਮਾਂ ਤੱਕ ਮੁਫਤ ਪਹੁੰਚ ਪ੍ਰਦਾਨ ਕਰੇਗਾ*

ਬ੍ਰੈਂਪਟਨ, ਓਨਟੈਰੀਓ (19 ਮਈ, 2022) – ਸਿਟੀ ਆਫ ਬ੍ਰੈਂਪਟਨ ਨੇ ਆਪਣੇ, ਐਕਸਪਲੋਰ ਬ੍ਰੈਂਪਟਨ ਯੂਥ ਪਾਸ (Explore Brampton Youth Pass) ਪਾਇਲਟ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ ਹੈ।

ਇਸ ਪਾਸ ਦੇ ਨਾਲ, 12 ਤੋਂ 16 ਸਾਲ ਦੇ ਉਹਨਾਂ ਨੌਜਵਾਨਾਂ ਦੀ, ਜੋ ਬ੍ਰੈਂਪਟਨ ਦੇ ਨਿਵਾਸੀ ਹਨ, ਬ੍ਰੈਂਪਟਨ ਟ੍ਰਾਂਜ਼ਿਟ (Brampton Transit) ਤੇ ਮੁਫਤ ਕਿਰਾਏ ਅਤੇ 1 ਜੁਲਾਈ ਤੋਂ 5 ਸਤੰਬਰ, 2022 ਤੱਕ, ਬ੍ਰੈਂਪਟਨ ਰੇਕ੍ਰੀਏਸ਼ਨ ਦੇ ਚੋਣਵੇਂ ਡ੍ਰੌਪ-ਇਨ (ਬਿਨਾਂ ਬੁੱਕ ਕੀਤੇ) ਪ੍ਰੋਗਰਾਮਾਂ ਤੱਕ ਮੁਫਤ ਪਹੁੰਚ ਹੋਵੇਗੀ, ਇਹਨਾਂ ਵਿੱਚ ਸ਼ਾਮਲ ਹਨ, ਤੈਰਾਕੀ, ਸਕੇਟਿੰਗ ਅਤੇ ਚੋਣਵੀਆਂ ਸਪੋਰਟਸ।

ਸਿਟੀ ਕੋਲ, ਇਸ ਪਾਇਲਟ ਪ੍ਰੋਗਰਾਮ ਦੇ ਦੁਆਰਾ, 2,000 ਐਕਸਪਲੋਰ ਬ੍ਰੈਂਪਟਨ ਯੂਥ ਪਾਸ ਉਪਲਬਧ ਹਨ। ਵੱਧ ਸੰਵੇਦਨਸ਼ੀਲ ਨੌਜਵਾਨਾਂ ਨੂੰ ਤਰਜੀਹ ਦਿੱਤੀ ਜਾਵੇਗੀ। ਪਾਇਲਟ ਪ੍ਰੋਗਰਾਮ ਦਾ ਉਦੇਸ਼, ਸਰਗਰਮ ਜੀਵਨਸ਼ੈਲੀ ਅਤੇ ਸਿਹਤਮੰਦ ਆਦਤਾਂ ਦੀ ਨੀਂਹ ਰੱਖਦੇ ਹੋਏ, ਨੌਜਵਾਨਾਂ ਨੂੰ ਬ੍ਰੈਂਪਟਨ ਟ੍ਰਾਂਜ਼ਿਟ ਅਤੇ ਬ੍ਰੈਂਪਟਨ ਵਿੱਚ ਮੌਜੂਦ ਰੇਕ੍ਰੀਏਸ਼ਨ ਫੈਸਿਲਿਟੀਜ ਦੀ ਵਰਤੋਂ ਕਰਨ ਲਈ ਉਤਸ਼ਾਹਿਤ ਕਰਨਾ ਹੈ।

ਅਰਜ਼ੀਆਂ, ਹੁਣ ਔਨਲਾਈਨ ਉਪਲਬਧ ਹਨ। ਐਕਸਪਲੋਰ ਬ੍ਰੈਂਪਟਨ ਯੂਥ ਪਾਸ ਬਾਰੇ ਹੋਰ ਜਾਣਕਾਰੀ ਲਈ ਅਤੇ ਅਰਜ਼ੀ ਜਮ੍ਹਾਂ ਕਰਨ ਲਈ ਇੱਥੇ ਕਲਿੱਕ ਕਰੋ (Click here to learn more about the Explore Brampton Youth Pass and submit an application)।

**ਹਵਾਲੇ**

"ਅਸੀਂ, ਗਰਮੀ 2022 ਲਈ ਸਿਟੀ ਆਫ ਬ੍ਰੈਂਪਟਨ ਦੇ ਪਹਿਲੇ ਐਕਸਪਲੋਰ ਬ੍ਰੈਂਪਟਨ ਯੂਥ ਪਾਸ ਦੀ ਸ਼ੁਰੂਆਤ ਕਰਕੇ ਉਤਸ਼ਾਹਿਤ ਹਾਂ। ਬ੍ਰੈਂਪਟਨ, ਕੈਨੇਡਾ ਵਿੱਚ ਸਭ ਤੋਂ ਵੱਧ ਨੌਜਵਾਨ ਅਬਾਦੀ ਵਾਲੇ ਸ਼ਹਿਰਾਂ ਵਿੱਚੋਂ ਇੱਕ ਹੈ, ਜਿੱਥੇ ਪ੍ਰੀਮੀਅਰ ਟ੍ਰਾਂਜ਼ਿਟ ਅਤੇ ਰੇਕ੍ਰੀਏਸ਼ਨ ਫੈਸਿਲਿਟੀਜ ਹਨ, ਅਤੇ ਮੈਂ ਨੌਜਵਾਨਾਂ ਨੂੰ ਸਲਾਹ ਦਿੰਦਾ ਹਾਂ ਕਿ ਇਸ ਪਾਸ ਦਾ ਫਾਇਦਾ ਲਵੋ ਅਤੇ ਸੁਰੱਖਿਅਤ ਅਤੇ ਵੱਧ ਕਿਫਾਇਤੀ ਗਰਮੀ ਦਾ ਮਜ਼ਾ ਲਵੋ।"

- *ਪੈਟਰਿਕ ਬ੍ਰਾਊਨ (Patrick Brown), ਮੇਅਰ, ਸਿਟੀ ਆਫ ਬ੍ਰੈਂਪਟਨ*

"ਬ੍ਰੈਂਪਟਨ ਇੱਕ ਸਿਹਤਮੰਦ ਅਤੇ ਸੁਰੱਖਿਅਤ ਸ਼ਹਿਰ ਹੋਣ ਦੇ ਨਾਲ-ਨਾਲ ਮੌਕਿਆਂ ਦਾ ਸ਼ਹਿਰ ਅਤੇ ਗ੍ਰੀਨ ਸਿਟੀ ਹੈ। ਸਾਡੇ ਨੌਜਵਾਨ, ਸਾਡੇ ਆਉਣ ਵਾਲੇ ਕੱਲ੍ਹ ਦੇ ਲੀਡਰ ਹਨ ਅਤੇ ਅਸੀਂ ਲਗਾਤਾਰ, ਬ੍ਰੈਂਪਟਨ ਦੇ ਨੌਜਵਾਨਾਂ ਦੀ ਵੰਨ-ਸੁਵੰਨੀ ਅਤੇ ਜੋਸ਼ੀਲੀ ਕਮਿਊਨਿਟੀ ਨੂੰ ਸਿਹਤਮੰਦ ਅਤੇ ਸਰਗਰਮ ਰਹਿਣ ਦੇ ਮੌਕੇ ਪ੍ਰਦਾਨ ਕਰ ਰਹੇ ਹਾਂ, ਜਿਵੇਂ ਐਕਸਪਲੋਰ ਬ੍ਰੈਂਪਟਨ ਯੂਥ ਪਾਸ। ਇਹ ਸਾਡੇ ਸ਼ਹਿਰ ਵਿੱਚ ਨੌਜਵਾਨਾਂ ਲਈ ਮੌਜੂਦ ਪਹਿਲਕਦਮੀਆਂ ਵਿੱਚ ਇੱਕ ਵੱਡੀ ਉਪਲਬਧੀ ਹੈ!"

- *ਰੋਏਨਾ ਸੈਨਟੋਸ (Rowena Santos), ਰੀਜਨਲ ਕਾਊਂਸਲਰ, ਵਾਰਡਸ 1 ਅਤੇ 5; ਚੇਅਰ, ਕਮਿਊਨਿਟੀ ਸਰਵਿਸਿਜ, ਸਿਟੀ ਆਫ ਬ੍ਰੈਂਪਟਨ*

"ਸਿਟੀ ਆਫ ਬ੍ਰੈਂਪਟਨ ਦਾ ਐਕਸਪਲੋਰ ਬ੍ਰੈਂਪਟਨ ਯੂਥ ਪਾਸ, ਸਾਡੇ ਸ਼ਹਿਰ ਦੇ ਨੌਜਵਾਨਾਂ ਲਈ ਸਾਡੇ ਲਗਾਤਾਰ ਸਮਰਪਣ ਨੂੰ ਦਰਸਾਉਂਦਾ ਹੈ। ਸਿਟੀ ਨੂੰ, ਪਿਛਲੇ ਕੁਝ ਸਾਲਾਂ ਵਿੱਚ ਤਿੰਨ ਵਾਰ, ਨੌਜਵਾਨਾਂ ਵਾਸਤੇ ਵਾਧੇ ਅਤੇ ਵਿਕਾਸ ਦੇ ਮੌਕਿਆਂ ਲਈ ਇਸਦੀ ਸ਼ਾਨਦਾਰ ਵਚਨਬੱਧਤਾ ਲਈ ਸਨਮਾਨਿਤ ਕੀਤੇ ਜਾਣ

ਅਤੇ ਪਲੇ ਵਰਕਸ ਵੱਲੋਂ, ਪਲੈਟੀਨਮ ਸਟੇਟਸ ਯੂਥ ਫ੍ਰੈਂਡਲੀ ਕਮਿਉਨਿਟੀ ਪਦਵੀ ਮਿਲਣ ਤੇ ਮਾਣ ਹੈ, ਜੋ ਪਾਰਕਸ ਐਂਡ ਰੇਕ੍ਰੀਏਸ਼ਨ ਓਨਟੈਰੀਓ ਵੱਲੋਂ ਹਿਮਾਇਤ ਵਾਲਾ ਪ੍ਰੋਗਰਾਮ ਹੈ।"

- *ਸ਼ਾਰਮੇਨ ਵਿਲੀਅਮਸ* (Charmaine Williams), *ਸਿਟੀ ਕਾਉਂਸਲਰ, ਵਾਰਡਸ 7 ਅਤੇ 8; ਵਾਈਸ-ਚੇਅਰ, ਕਮਿਉਨਿਟੀ ਸਰਵਿਸਿਜ, ਸਿਟੀ ਆਫ ਬ੍ਰੈਂਪਟਨ*

"ਸਿਟੀ, ਸਾਡੇ ਸ਼ਹਿਰ ਵਿੱਚ ਬ੍ਰੈਂਪਟਨ ਦੇ ਨੌਜਵਾਨਾਂ ਦੇ ਵਾਧੇ ਅਤੇ ਵਿਕਾਸ ਦੀ ਹਿਮਾਇਤ ਲਈ ਉਹਨਾਂ ਨੂੰ ਸ਼ਾਮਲ ਕਰਨ ਲਈ ਵਚਨਬੱਧ ਹੈ। ਬ੍ਰੈਂਪਟਨ ਰਹਿਣ, ਕੰਮ ਕਰਨ ਅਤੇ ਖੇਡਣ ਲਈ ਇੱਕ ਸ਼ਾਨਦਾਰ ਥਾਂ ਹੈ ਅਤੇ ਅਸੀਂ ਸਾਡੇ ਨੌਜਵਾਨਾਂ ਦੇ ਵਧਣ-ਫੁੱਲਣ ਵਿੱਚ ਮਦਦ ਕਰਨ ਲਈ ਮਹੱਤਵਪੂਰਣ ਕੰਮ ਕਰਨਾ ਜਾਰੀ ਰੱਖਾਂਗੇ।"

- *ਪਾੱਲ ਮੋਰਿਸਨ* (Paul Morrison), *ਇੰਟਰਿਮ ਚੀਫ ਐਡਮਿਨਿਸਟ੍ਰੇਟਿਵ ਅਫਸਰ, ਸਿਟੀ ਆਫ ਬ੍ਰੈਂਪਟਨ*

-30-

**ਕੈਨੇਡਾ ਵਿੱਚ ਸਭ ਤੋਂ ਵੱਧ ਤੇਜ਼ੀ ਨਾਲ ਵਧਣ ਵਾਲੇ ਸ਼ਹਿਰਾਂ ਵਿੱਚੋਂ ਇੱਕ ਦੇ ਤੌਰ ਤੇ, ਬ੍ਰੈਂਪਟਨ 700,000 ਲੋਕਾਂ ਅਤੇ 75,000 ਕਾਰੋਬਾਰੀਆਂ ਦਾ ਘਰ ਹੈ।** ਅਸੀਂ ਜੋ ਵੀ ਕਰਦੇ ਹਾਂ, ਲੋਕਾਂ ਨੂੰ ਧਿਆਨ ਵਿੱਚ ਰੱਖ ਕੇ ਕਰਦੇ ਹਾਂ। ਅਸੀਂ ਸਾਡੇ ਵੰਨ-ਸੁਵੰਨੇ ਭਾਈਚਾਰਿਆਂ ਤੋਂ ਸਰਗਰਮ ਹੁੰਦੇ ਹਾਂ, ਅਸੀਂ ਨਿਵੇਸ਼ ਨੂੰ ਆਕਰਸ਼ਿਤ ਕਰਦੇ ਹਾਂ ਅਤੇ ਅਸੀਂ ਤਕਨੀਕ ਅਤੇ ਵਾਤਾਵਰਣ ਸਬੰਧੀ ਨਵੀਨਤਾ ਨੂੰ ਅੱਗੇ ਵਧਾਉਣ ਦੇ ਸਫ਼ਰ ਤੇ ਹਾਂ। ਅਸੀਂ ਇੱਕ ਅਜਿਹਾ ਸਿਹਤਮੰਦ ਸ਼ਹਿਰ ਬਣਾਉਣ ਵਿੱਚ ਉੱਨਤੀ ਲਈ ਭਾਈਵਾਲੀ ਕਰਦੇ ਹਾਂ, ਜੋ ਸੁਰੱਖਿਅਤ, ਸਥਿਰ ਅਤੇ ਸਫਲ ਹੋਵੇ। ਸਾਡੇ ਨਾਲ Twitter, Facebook, ਅਤੇ Instagram ਤੇ ਜੁੜੋ। www.brampton.ca ਤੇ ਹੋਰ ਜਾਣੋ।

**ਮੀਡੀਆ ਸੰਪਰਕ**
ਸਿਟੀ ਆਫ ਬ੍ਰੈਂਪਟਨ ਮਲਟੀਕਲਚਰਲ ਮੀਡੀਆ
multiculturalmedia@brampton.ca